Sl.No. :

नामांक Roll No.

| | | | | | | |
|---|---|---|---|---|---|---|
| | | | | | | |

Total No. of Questions - 14
Total No. of Printed Pages - 7

**SS-25-Punjabi Sah.**

# उच्च माध्यमिक परीक्षा, 2016

# SENIOR SECONDARY EXAMINATION, 2016

## PUNJABI SAHITYA

**Time : 3 1/4 Hours**
**Maximum Marks : 80**

प्रश्न पत्र को खोलने के लिए यहाँ फाड़ें

## ਪ੍ਰੀਖਿਆਰਥੀਆਂ ਲਈ ਆਮ ਹਦਾਇਤਾਂ :

1. ਸਭ ਤੋਂ ਪਹਿਲਾਂ ਪ੍ਰੀਖਿਆਰਥੀ ਆਪਣੇ ਪ੍ਰਸ਼ਨ-ਪੱਤਰ 'ਤੇ ਆਪਣਾ ਰੋਲ ਨੰਬਰ ਜ਼ਰੂਰ ਲਿਖੋ
2. ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।
3. ਹਰ ਇੱਕ ਪ੍ਰਸ਼ਨ ਦਾ ਉੱਤਰ ਦਿੱਤੀ ਉੱਤਰ-ਪੁਸਤਿਕਾ 'ਤੇ ਹੀ ਲਿਖੋ ।
4. ਜਿਨ੍ਹਾਂ ਪ੍ਰਸ਼ਨਾਂ ਦੇ ਇੱਕ ਤੋਂ ਵੱਧ ਸਾਮਾਨ ਅੰਗ ਵਾਲੇ ਭਾਗ ਹਨ, ਉਨ੍ਹਾਂ ਸਾਰਿਆਂ ਭਾਗਾਂ ਦਾ ਹੱਲ ਇਕ ਥਾਂ 'ਤੇ ਇੱਕ ਹੀ ਤਰਤੀਬ ਵਿੱਚ ਲਿਖੋ ।
5. ਪ੍ਰਸ਼ਨ ਸੰਖਿਆ 4, 8, ਤੋਂ 10 ਅਤੇ 14 ਵਿੱਚ ਆਂਤਰਿਕ ਵਿਕੱਲਪ ਹੈ ।



Downloaded from www.cclchapter.com

1) ਸ਼ਖ਼ਸੀਅਤ ਦਾ ਮੁੱਖ ਚਿੰਨ੍ਹ ਪ੍ਰਸੰਨਤਾ ਹੈ। ਜਿਦੇ ਅੰਦਰ ਪ੍ਰਸੰਨਤਾ ਹੋਏਗੀ, ਉਹੀ ਕੇਸੇ ਦੂਸਰੇ ਨੂੰ ਪ੍ਰਸੰਨ ਕਰ ਸਕਦਾ ਹੈ। ਪ੍ਰਸੰਨਤਾ ਕਿਸੇ ਲਈ ਸ਼ੁੱਭ ਸ਼ਗਨ ਸਮਝਿਆ ਜਾਂਦਾ ਹੈ। ਜਿਸ ਰਿਹਦੇ ਵਿੱਚ ਪ੍ਰਸੰਨਤਾ ਹੁੰਦੀ ਹੈ, ਉੱਥੇ ਸਾੜਾ ਨਹੀਂ ਹੋ ਸਕਦਾ, ਕਿਉਂਕਿ ਜਿੱਥੇ ਸਾੜਾ ਹੋਏਗਾ, ਉੱਥੇ ਭਰੋਸਾ, ਦਲੇਰੀ ਤੇ ਹਿੰਮਤ ਨਹੀਂ ਹੋਏਗੀ। ਇਸ ਲਈ ਸਾੜਾ ਸ਼ਖ਼ਸੀਅਤ ਦਾ ਵਿਰੋਧੀ ਗੁਣ ਹੈ, ਜੋ ਹੀਣਤਾ ਦੀ ਨਿਸ਼ਾਨੀ ਹੈ। ਸ਼ਖ਼ਸੀਅਤ ਦੇ ਮਾਲਕ ਨੂੰ ਹਮੇਸ਼ਾ ਸਾੜੇ, ਕ੍ਰੋਧ ਜਿਹੇ ਵਿਰੋਧੀ ਗੁਟਾਂ ਤੋਂ ਖ਼ਬਰਦਾਰ ਰਹਿਣਾ ਚਾਹੀਦਾ ਹੈ ਤਾਂ ਕਿ ਸਮੇਂ ਅਨੁਸਾਰ ਉਨ੍ਹਾਂ ਉੱਤੇ ਕਾਬੂ ਪਾਇਆ ਜਾ ਸਕੇ। ਆਪਣੇ ਤੋਂ ਉੱਦੀ ਸ਼ਖ਼ਸੀਅਤ ਦਾ ਆਦਰਸ਼ ਸਾਹਮਣੇ ਰੱਖਣ ਨਾਲ ਪ੍ਰਸੰਤਾ ਹਮੇਸ਼ਾ ਕਾਇਮ ਰੱਖੀ ਜਾ ਸਕਦੀ ਹੈ ਤੇ ਵਿਰੋਧੀ ਗੁਟਾਂ ਤੋਂ ਦੂਰ ਰਿਹਾ ਜਾ ਸਕਦਾ ਹੈ। ਕਿਸੇ ਦੀ ਸਫ਼ਲਤਾ ਤੇ ਖੁਸ਼ੀਆਂ ਵਿੱਚ ਪ੍ਰਸੰਤ ਹੋਣਾ ਪ੍ਰਸੰਨਚਿੱਤ ਸ਼ਖ਼ਸੀਅਤ ਦੀ ਮੁੱਖ ਨਿਸ਼ਾਨੀ ਹੈ। ਇਸ ਅਵਸਥਾ'ਤੇ ਹੋਲੀ ਹੋਲੀ ਪਹੁੰਚਿਆ ਜਾ ਸਕਦਾ ਹੈ।

(ੳ) ਉਪਰੋਕਤ ਪੈਰ੍ਹੇ ਦਾ ਢੁਕਵਾਂ ਸਿਰਲੇਖ ਦਿਓ।

(ਅ) ਸ਼ਖ਼ਸੀਅਤ ਦਾ ਮੁੱਖ ਚਿੰਨ੍ਹ ਕਿਹੜਾ ਹੈ ?

(ੲ) ਸ਼ਖ਼ਸੀਅਤ ਦੇ ਵਿਰੋਧੀ ਗੁੜ ਕਿਹੜੇ-ਕਿਹੜੇ ਹਨ ?

(ਸ) ਪ੍ਰਸੰਨਤਾ ਹਮੇਸ਼ਾ ਕਿਵੇਂ ਕਾਇਮ ਰੱਖੀ ਜਾ ਸਕਦੀ ਹੈ ?

(ਹ) ਹੇਠ ਦਿੱਤੇ ਪੈਰ੍ਹੇ ਵਿਚਲੇ ਸ਼ਬਦਾਂ ਦੇ ਅਰਥ ਲਿਖੋ :-

ਸਾੜਾ, ਹੀਣਤਾ, ਖ਼ਬਰਦਾਰ, ਅਵਸਥਾ। [5x2= 10]

2) ਹੇਠ ਦਿੱਤੇ ਕਿਸੇ ਇੱਕ ਵਿਸ਼ੇ ਉੱਪਰ ਲੇਖ ਲਿਖੋ :- [10]

(ੳ) ਸ਼ਹੀਦ-ਏ-ਆਜ਼ਮ ਭਗਤ ਸਿੰਘ

(ਅ) ਕੋਈ ਮਨਭਾਉਂਦਾ ਕਵੀ

(ੲ) ਵਿਦਿਆਰਥੀ ਅਤੇ ਅਨੁਸ਼ਾਸ਼ਨ

(ਸ) ਦੀਵਾਲੀ

(ਹ) ਪੰਜਾਬੀ ਸਭਿਆਚਾਰ ਤੇ ਲੋਕਗੀਤ।

3) ਹੇਠਾਂ ਦਿੱਤੇ ਕਿਸੇ ਇੱਕ ਵਿਸ਼ੇ ਉੱਪਰ ਕਹਾਣੀ-ਰਚਨਾ ਕਰੋ :- [5]

(ੳ) ਬੁਰੀ ਸੰਗਤ ਦਾ ਫਲ।

(ਅ) ਚਲਾਕ ਲੂੰਬੜੀ।

(ੲ) ਬੇਈਮਾਨ ਦੋਧੀ।



Downloaded from www.cclchapter.com

4) ਅਖ਼ਬਾਰ ਦੇ ਸੰਪਾਦਕ ਨੂੰ ਸਕੂਲ ਵਿੱਚ ਹੋਏ ਸਾਲਾਨਾ ਇਨਾਮ ਵੰਡ ਸਮਾਰੋਹ ਸਬੰਧੀ ਪ੍ਰੈੱਸ ਨੋਟ ਲਿਖੋ [1+3+1=5]

(ਜਾਂ)

ਅਖ਼ਬਾਰ ਦੇ ਸੰਪਾਦਕ ਨੂੰ ਆਪਣੇ ਇਲਾਕੇ ਵਿੱਚ ਵੱਧ ਰਹੀਆਂ ਗੁੰਡਾ ਗਰਦੀ ਦੀਆਂ ਵਾਰਦਾਤਾਂ ਤੋਂ ਜਾਣੂ ਕਰਾਉਂਦੇ ਹੋਏ ਪ੍ਰੈੱਸ ਨੋਟ ਲਿਖੋ ।

5) (ੳ) ਕਿਸੇ ਮੁਹਾਵਰਿਆਂ ਦਾ ਅਰਥ ਦੱਸ ਕੇ ਵਾਕ ਬਣਾਓ :- [2]

1. ਉੱਨੀ ਇੱਕੀ ਦਾ ਫ਼ਰਕ ਹੋਣਾ ।
2. ਇਕਮੁੱਠ ਹੋਣਾ ।
3. ਸਾਖੀ ਭਰਨੀ ।
4. ਹੱਥ ਮਲਣਾ ।

(ਅ) ਕਿਸੇ ਤਿੰਨ ਅਖਾਣਾਂ ਦਾ ਅਰਥ ਦੱਸ ਕੇ ਵਾਕ ਬਣਾਓ :- [3]

1. ਉੱਖਲੀ ਵਿੱਚ ਸਿਰ ਦਿੱਤਾ ਤਾਂ ਮੋਹਲਿਆਂ ਦਾ ਕੀ ਡਰ ।
2. ਇਕ ਪੰਥ ਦੋ ਕਾਜ ।
3. ਹੱਥਾਂ ਬਾਝ ਕਰਾਰਿਆਂ ਵੈਰੀ ਹੋਣ ਨਾ ਮਿੱਤ ।
4. ਕੋਲ਼ਿਆਂ ਦੀ ਦਲਾਲੀ ਵਿੱਚ ਮੂਹ ਕਾਲ਼ਾ ।
5. ਖ਼ੇਤੀ ਖਸਮਾਂ ਸੇਤੀ ।

6) ਵਿਸ਼ਰਾਮ ਚਿੰਨ੍ਹ ਲਾ ਕੇ ਲਿਖੋ :- [3]

1. ਤੁਸੀਂ ਕਿੱਥੇ ਗਏ ਸੀ ।
2. ਅਸੀਂ ਬਾਜ਼ਾਰ ਗਏ ਸਮਾਨ ਖਰੀਦਿਆ ਤੇ ਆ ਗਏ
3. ਅਧਿਆਪਕ ਨੇ ਕਿਹਾ ਮਿਹਨਤ ਹੀ ਸਫ਼ਲਤਾ ਦੀ ਕੁੰਜੀ ਹੈ

7) (ੳ) ਹੇਠ ਲਿਖੇ ਵਾਕਾਂ ਦੀ ਵਾਕ ਵੰਡ ਕਰੋ :- [1+1+1=3]

1. ਜਸਵੀਰ ਗੀਤ ਗਾ ਰਿਹਾ ਹੈ । (ਵਾਕ ਵਿਚੋਂ ਕਰਮ ਦੱਸੋ)
2. ਵਿਦਿਆਰਥੀ ਫੁਟਬਾਲ ਖੇਡ ਰਹੇ ਹਨ । (ਵਾਕ ਵਿਚੋਂ ਕਰਤਾ ਦੱਸੋ)
3. ਅਧਿਆਪਕ ਪੜ੍ਹਾਉਂਦਾ ਹੈ । (ਵਾਕ ਵਿਚੋਂ ਕਿਰਿਆ ਦੱਸੋ)



Downloaded from www.cclchapter.com

(ਅ) ਅਸ਼ੁੱਧ ਵਾਕਾਂ ਤੋਂ ਸ਼ੁੱਧ ਵਾਕ ਬਣਾਓ :- [1+1=2]

1. ਬੱਚੇ ਰੌਲਾ ਪਾ ਰਹੀਆਂ ਹਨ ।
2. ਮਜ਼ਦੂਰ ਕੰਮ ਕਰ ਰਹੀ ਹੈ ।

(ੲ) ਪਦ-ਕਰਮ ਸਹੀ ਕਰੋ :- [1+1=2]

1. ਵਿਦਿਆਰਥੀ ਨਹੀ ਪੜ ਹਨ ਰਹੇ ।
2. ਰੱਬ ਮਿਲਾਈ ਜੋੜੀ, ਇੱਕ ਕੋਹੜੀ ਤੇ ਇੱਕ ਅੰਨਾ ।

8) ਹੇਠ ਲਿਖੇ ਕਾਵਿ-ਬੰਦਾਂ ਵਿਚੋਂ ਕਿਸੇ ਇੱਕ ਨਾਲ ਸੰਬੰਧਿਤ ਸੁਆਲਾਂ ਦੇ ਜੁਆਬ ਦਿਓ :- [1+1+1+1=4]

(ੳ) ਪਯਾਰੇ ਨਾ ਵਿਛੋੜੀਏ ਟੇ, ਮਿਲੇ ਨਾ ਨਿਖੇੜੀਏ ਵੇ,
ਆਸਰੇ ਨਾ ਤੋੜੀਏ ਵੇ, ਅਵੇ ਪਾੜੀਏ ਨ ਜੋੜੀਆਂ ।
ਵਸਲ ਵੇਖ ਖੜੀਏ ਨਾ, ਅੱਡ ਕਰ ਰੀਝੀਏ ਨਾ,
ਇਕ ਹੋਈਆਂ ਜਿੰਦਾਂ ਦੀਆਂ, ਹੁੰਦੀਆਂ ਨਹੀਓ ਕੌੜੀਆਂ ।

1. ਉਪਰੋਕਤ ਕਾਵਿ ਸਤਰਾਂ ਕਿਸ ਕਵਿਤਾ ਵਿਚੋਂ ਹਨ ?
2. ਉਪਰੋਕਤ ਕਾਵਿ ਸਤਰਾਂ ਦੇ ਕਵੀ ਦਾ ਨਾਂ ਦੱਸੋ ।
3. 'ਪਾਭੀਏ ਨਾ ਜੋੜਆਂ' ਵਿੱਚ ਜੋੜੀਆਂ ਕੌਣ ਹਨ ?
4. ਉਪਰੋਕਤ ਸਤਰਾਂ ਵਿੱਚ ਕਿਨ੍ਹਾਂ ਦੇ ਵਸਲ ਦੀ ਗੱਲ ਕੀਤੀ ਗਈ ਹੈ ?

(ਅ) ਕੀ ਉਹ ਹੁਸਨ ਹੁਸਨ ਹੈ ਸਚਮੁੱਚ,
ਯਾ ਉਂਜੇ ਹੀ ਛਲਦਾ,
ਲੱਖ ਗਰੀਬਾਂ ਮਜ਼ਦੂਰਾਂ ਦੇ
ਹੰਝੂਆਂ ਤੇ ਜੋ ਪਲਦਾ ?

1. ਉਪਰੋਕਤ ਕਾਵਿ ਸਤਰਾਂ ਦੇ ਕਵੀ ਦਾ ਨਾਂ ਦੱਸੋ
2. ਉਪਰੋਕਤ ਕਾਵਿ ਪੰਗਤੀਆਂ ਕਿਸ ਕਵਿਤਾ ਵਿੱਚੋਂ ਲਈਆਂ ਗਈਆਂ ਹਨ ?
3. ਕਵੀ ਕਿਸ ਦੇ ਹੁਸਨ ਨੂੰ 'ਛਲਾਵਾ' ਕਹਿੰਦਾ ਹੈ ?
4. 'ਮਜ਼ਦੂਰਾਂ ਦੇ ਜੰਝੂਆਂ' ਤੋਂ ਕੀ ਭਾਵ ਹੈ ?



Downloaded from www.cclchapter.com

9) ਕਿਸੇ ਇੱਕ ਕਾਵਿ-ਅੰਸ਼ ਦੇ ਅੰਤ ਵਿੱਚ ਦਿੱਤੇ ਸੁਆਲਾਂ ਦੇ ਜੁਆਬ ਦਿਓ :-

[2+2+2=6]

(ੳ) ਚੱਪਾ ਚੰਨ-ਤੇ ਮੁੱਠ ਕੁ ਤਾਰੇ, ਸਾਡਾ ਮਲ ਬੈਠੇ ਅਸਮਾਨ
ਸਾਡੀਆਂ ਭੁੱਖਾਂ ਇੰਨੀਆਂ ਵੱਡੀਆਂ ਪਰ ਓ ਦਾਤਾ ! ਤੇਰੇ ਦਾਨ,
ਮੁੱਠ ਕੁ ਤਾਰੇ ਤਰੌਕ ਦੇ
ਤੇ ਚੱਪਾ ਕੁ ਚੰਨ ਸੁੱਟ ਕੇ ਸਬਰ ਸਾਡਾ ਅਜ਼ਮਾਣ ।
ਸੁੱਟ ਦੇਣ ਕੁਝ ਰਿਸਮਾਂ, ਡੇਗ ਦੇਣ ਕੁਝ ਲੋਆਂ ।
ਪਰ ਵਿਲਕਣ ਪਏ ਪਰਤੀ ਦੇ ਅੰਗ, ਇਹ ਅੰਗ ਨਾ ਉਨ੍ਹਾਂ ਨੂੰ ਲਾਣ ।

1. 'ਚੱਪਾ ਚੰਨ' ਕਿਸਦਾ ਪ੍ਰਤੀਕ ਹੈ ?
2. ਉਪਰੋਕਤ ਸਤਰਾਂ ਵਿੱਚ ਕਿਹੜੀ ਸੁਰ ਪ੍ਰਧਾਨ ਹੈ ?
3. 'ਮੱਲ ਬੈਠੇ ਅਸਮਾਨ' ਵਿੱਚ 'ਮਲ' ਸ਼ਬਦ ਕਿਸ ਵੱਲ ਸੰਕੇਤ ਕਰਦਾ ਹੈ ?

(ਅ) ਮੈਨੂੰ ਦਿਸਦੀ ਝਨਾਂ ਦੇ ਪਾਰਲੇ ਕੰਢੇ,
ਦੂਰ ਨੂਰ ਵਿੱਚ ਡੁੱਬੀ ਨਿੱਕੀ ਜਿਹੀ ਝੁੱਗੀ
ਸਿਰਫ਼ ਉਹ ਥਾਂ ਚਮਕਦੀ,
ਹੋਰ ਸਭ ਝਨਾਂ ਦਾ ਪਾਣੀ ਤੇ ਕੰਡਾ ਹਨੇਰਾ ਹਨੇਰਾ,
ਤੇ ਹਨੇਰੇ ਵਿੱਚ ਚਮਕਦੀ, ਉਹ ਇਕ ਤਾਰਾ,
ਇਕ ਖਿੱਟੀ ਨੂਰ ਦੀ,
ਇਹ ਸੋਹਣੀ ਦਾ ਦਿਲ ਹੈ ।
ਇਥੇ ਵੱਸਦੀ ਸਦਾ ਦੀ ਜ਼ਿੰਦਗੀ,
ਪੰਜਾਬ ਦੀ ਭਖਦੀ ਖੁਕਦੀ ਜਵਾਨੀ ।

1. ਉਪਰੋਕਤ ਕਾਵਿ ਸਤਰਾਂ ਦਾ ਸਬੰਧ ਕਿਸ ਲੋਕ ਕਹਾਣੀ ਨਾਲ ਹੈ ?
2. ਝੁੱਗੀ ਦਾ ਨੂਰ ਵਿੱਚ ਡੁੱਬੇ ਹੋਣਾ ਕਿਸ ਗੱਲ ਵੱਲ ਸੰਕੇਤ ਕਰਦਾ ਹੈ ?
3. 'ਝੁੱਗੀ' ਕਿਸ ਦਾ ਪ੍ਰਤੀਕ ਹੈ ?



Downloaded from www.cclchapter.com

10) ਕਿਸੇ ਇਕ ਵਾਰਤਕ ਅੰਸ਼ ਨਾਲ ਸੰਬੰਧਿਤ ਸੁਆਲਾਂ ਦੇ ਜੁਆਬ ਦਿਓ :-

[1½+1½+1½+1½=6]

(ੳ) ਜੇ ਮੁੰਡਾ ਨਾ ਮੁੜਿਆ ਤਾਂ......? ਰਾਤੋ ਰਾਤ ਵਿੱਚ ਸੈਕੜਿਆਂ ਦਾ ਨੁਕਸਾਨ ਹੋ ਜਾਣ ਦਾ ਡਰ ਸੀ। ਰਾਤੀਂ ਕੀ ਉਹ ਆਪ ਰਾਖੀ ਕਰ ਸਕੇਗਾ ? ਮੱਛਰਾਂ ਤੋ ਉਹ ਡਰ ਗਿਆ।

1. ਇਹ ਵਾਕ ਕਿਸ ਦੇ ਹਨ ?
2. ਇਹ ਵਾਕ ਕਿਸ ਪੁਸਤਕ ਵਿੱਚੋਂ ਲਏ ਗਰੇ ਹਨ ? ਸੰਪਾਦਕ ਦਾ ਨਾਂ ਦੱਸੋ।
3. ਮੁੰਡਾ ਕੌਣ ਸੀ ? ਉਹ ਕਿੱਥੇ ਗਿਆ ਸੀ ?
4. ਮੱਛਰ ਤੋਂ ਕੌਣ ਡਰ ਰਿਹਾ ਸੀ ?

(ਅ) "ਤੂੰ ਅੰਨ੍ਹੀ ਕਾਹਨੂੰ ਐਂ, ਮੈ ਸੀ ਨੇਰ੍ਹਾ ਢੋਨਾਂ ਆਂ। ਹਲ ਮਗਰ ਖੁੱਚਾਂ ਤੜੌਂਦੇ ਦੀ ਬੱਸ ਹੋ ਜਾਂਦੀ ਐ ਤੇ ਘਰ ਆ ਕੇ ਚੱਜ ਨਾਲ ਰੋਟੀ-ਟੁੱਕ ਵੀ ਨੀ ਜੁੜਦਾ"।

1. ਇਹ ਸ਼ਬਦ ਕਿਸ ਨੇ, ਕਿਸ ਨੂੰ ਕਹੇ ?
2. ਇਹ ਸ਼ਬਦ ਕਿਸ 'ਪੁਸਤਕ' ਵਿੱਚੋਂ ਲਏ ਗਏ ਹਨ ? ਸੰਪਾਦਕ ਦਾ ਨਾਂ ਵੀ ਦੱਸੋ।
3. ਇਹ ਸ਼ਬਦ ਕਿਸ ਸੰਦਰਭ ਵਿੱਚ ਕਹੇ ਗਏ ਹਨ ?
4. ਅੰਨ੍ਹਾ ਕੌਣ ਹੈ ?

11) ਕੋਈ ਚਾਰ ਸੁਆਲ ਕਰੋ :- [1+1+1+1=4]

(ੳ) 'ਨੰਦੂ' ਕਹਾਈ ਕਿਸ ਪਾਤਰ ਕੇ ਆਲੇ ਦੁਆਲੇ ਘੁੰਸਦੀ ਹੈ ?

(ਅ) 'ਗ਼ਰਜ਼ਾਂ ਸਾਰੇ' ਕਹਾਣੀ ਵਿੱਚ ਗ਼ਰਜ਼ਾਂ ਸਾਰੇ ਕੌਣ ਹਨ ?

(ੲ) 'ਮੰਗੋ' ਕਹਾਣੀ ਦੇ ਕਹਾਣੀਕਾਰ ਕੌਣ ਹਨ ?

(ਸ) 'ਇੰਦਰ' ਕਿਸ ਕਹਾਣੀ ਦਾ ਮੁੱਖ ਪਾਤਰ ਹੈ ?

(ਹ) 'ਤਿੜਕਿਆ ਹੋਇਆ ਸ਼ੀਸਾ' ਕਹਾਣੀ ਦਾ ਪਾਤਰ ਸ਼ਿਵਚਰਨ ਦਾਸ ਕਿੰਨ੍ਹਾਂ ਮੌਕਿਆਂ'ਤੇ ਘਬਰਾਉਂਦਾ ਸੀ ?



Downloaded from www.cclchapter.com

12) ਕੋਈ ਦੋ ਸੁਆਲ ਕਰੋ :- [3+3=6]

(ੳ) ਬੇਬੇ ਰਾਮ ਭਜਨੀ ਜਾਂ ਰਾਧਾ ਦੀ ਪਾਤਰ ਉਸਾਰੀ ਕਰੋ ।

(ਅ) 'ਜ਼ਫ਼ਰਨਾਮਾ' ਇਕਾਂਗੀ ਦੀ ਸਮੱਸਿਆ ਸੰਖੇਪ ਵਿੱਚ ਬਿਆਨ ਕਰੋ ।

(ੲ) ਬੇਰੁਜ਼ਗਾਰ ਪੁੱਤਰ ਤੋਂ ਪਿਤਾ ਕੀ ਚਾਹੁੰਦਾ ਹੈ ?

13) ਕਿਸੇ ਦੋ ਸੁਆਲ ਦੇ ਜੁਆਬ ਦਿਓ :- [2+2=4]

(ੳ) ਵੀਰਾਂਵਾਲੀ ਦੇ ਪਾਕਿਸਤਾਨ ਅਤੇ ਹੁਣ ਦੇ ਜੀਵਨ ਦੀ ਤੁਲਨਾ ਕਰੋ ।

(ਅ) ਕਿਸ਼ਨਦੇਵੀ ਆਪਣੇ ਪੁੱਤਰ ਬਾਰੇ ਕੀ ਵਿਚਾਰ ਕਰਦੀ ਹੈ ?

(ੲ) ਪ੍ਰਸੰਗ ਸਹਿਤ ਵਿਆਖਿਆ ਕਰੋ :-

ਪਾਰਾਲ ਹੋ ਗਿਆ ਏ ਇਹ, ਧੁੱਪ ਚੜ੍ਹ ਗਈ ਇਹਦੇ ਦਿਮਾਗ ਨੂੰ ਲੈ ਜਾਓ ਇਹਨੂੰ ।

14) ਆਧੁਨਿਕ ਪੰਜਾਬੀ ਨਿੱਕੀ ਕਹਾਣੀ ਦੇ ਇਤਿਹਾਸ ਉੱਪਰ ਸੰਖੇਪ ਨੋਟ ਲਿਖੋ । [5]

(ਜਾਂ)

ਆਧੁਨਿਕ ਪੰਜਾਬੀ ਕਵਿਤਾ ਉੱਪਰ ਚਾਨਣਾ ਪਾਓ ।

⌘⌘⌘



Downloaded from www.cclchapter.com

DO NOT WRITE ANYTHING HERE

Downloaded from www.cclchapter.com